# ਧਮਾਰ ਤਾਲ

| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|---|
| ਬੋਲ | ਕ | ਧਿ | ਟ | ਧਿ | ਟ | ਧਾ | ਸ | ਗ | ਤਿ | ਟ | ਤਿ | ਟ | ਤਾ | ਸ |
| ਦੋਗੁਣ | ਕਧਿ | ਟਧਿ | ਟਧਾ | ਸਗ | ਤਿਟ | ਤਿਟ | ਤਾਸ | ਕਧਿ | ਟਧਿ | ਟਧਾ | ਸਗ | ਤਿਟ | ਤਿਟ | ਤਾਸ |
| ਤਿਗੁਣ | ਕਧਿਟ | ਧਿਟਧਾ | ਸਗਤਿ | ਟਤਿਟ | ਤਾਸਕ | ਧਿਟਧਿ | ਟਧਾਸ | ਗਤਿਟ | ਤਿਟਤਾ | ਸਕਧਿ | ਟਧਿਟ | ਧਾਸਗ | ਤਿਟਤਿ | ਟਤਾਸ |
| ਚੌਗੁਣ | ਕਧਿਟਧਿ | ਟਧਾਸਗ | ਤਿਟਤਿਟ | ਤਾਸਕਧਿ | ਟਧਿਟਧਾ | ਸਗਤਿਟ | ਤਿਟਤਾਸ | ਕਧਿਟਧਿ | ਟਧਾਸਗ | ਤਿਟਤਿਟ | ਤਾਸਕਧਿ | ਟਧਿਟਧਾ | ਸਗਤਿਟ | ਤਿਟਤਾਸ |
| ਚਿੰਨ੍ਹ | X | | | | | 2 | | 0 | | | 3 | | | |

# ਤਾਲ ਧਮਾਰ

ਧਮਾਰ ਤਾਲ ਦੀਆ 14 ਮਾਤਰਾ ਹਨ। ਇਸਦੇ 5-2-3-4 ਮਾਤਰਾ ਦੇ ਚਾਰ ਵਿਭਾਗ ਹਨ। ਪਹਿਲੀ ਮਾਤਰਾ ਤੇ ਸਮ, ਛੇਵੀਂ ਮਾਤਰਾ ਤੇ ਦੂਜੀ ਤਾਲੀ, ਅੱਠਵੀਂ ਮਾਤਰਾ ਤੇ ਖਾਲੀ ਅਤੇ ਗਿਆਰਵੀਂ ਮਾਤਰਾ ਤੇ ਤੀਜੀ ਤਾਲੀ ਹੁੰਦੀ ਹੈ।

ਧਮਾਰ ਤਾਲ ਤਬਲੇ ਦਾ ਨਹੀਂ ਪਖਾਵਜ ਜਾਂ ਮ੍ਰਿਦੰਗ ਦਾ ਤਾਲ ਹੈ। ਇਸਦੀ ਰਚਨਾ ਪਖਾਵਜ ਦੇ ਖੁੱਲ੍ਹੇ ਵਰਣਾਂ (ਬੋਲਾਂ) ਦੇ ਆਧਾਰ, ਤੇ ਹੋਈ ਹੈ। ਇਸ ਕਾਰਨ ਇਸਨੂੰ ਗੰਭੀਰ ਪ੍ਰਕ੍ਰਿਤੀ ਦਾ ਤਾਲ ਮੰਨਿਆ ਗਿਆ ਹੈ। ਇਸ ਤਾਲ ਦੀ ਲੈਅ ਸਾਧਾਰਣ ਤੌਰ ਤੇ ਵਿਲੰਬਿਤ ਜਾਂ ਮੱਧ ਰਹਿੰਦੀ ਹੈ। ਗਾਇਨ ਵਿੱਚ 'ਧਮਾਰ' ਗਾਇਨ ਸ਼ੈਲੀ ਦੀ ਸੰਗਤ ਕਰਦੀ ਇਸ ਤਾਲ ਦਾ ਪ੍ਰਯੋਗ ਹੁੰਦਾ ਹੈ। ਗਾਇਨ ਤੋਂ ਇਲਾਵਾ ਧਮਾਰ ਤਾਲ ਦੀਆਂ ਗਤਾਂ ਨਾਲ ਅਤੇ ਸੁਤੰਤਰ ਰੂਪ ਵਿੱਚ ਇਸ ਤਾਲ ਦਾ ਵਾਦਨ ਹੁੰਦਾ ਹੈ।

ਵਰਤਮਾਨ ਕਾਲ ਵਿੱਚ ਜਿਸ ਤਰ੍ਹਾਂ ਖਿਆਲ ਗਾਇਨ ਸ਼ੈਲੀ ਦੀ ਪ੍ਰਧਾਨਤਾ ਹੈ, ਉਸੀ ਤਰ੍ਹਾਂ ਮੱਧ ਕਾਲ ਵਿੱਚ ਧ੍ਰੁਪਦ, ਧਮਾਰ ਗਾਇਨ ਸ਼ੈਲੀਆਂ ਦਾ ਬੋਲਬਾਲਾ ਰਿਹਾ ਹੈ। ਇਹ ਦੋਨੋਂ ਹੀ ਗੰਭੀਰ ਗਾਇਨ ਸ਼ੈਲੀਆਂ ਮੰਨੀਆਂ ਗਈਆਂ ਹਨ। ਧ੍ਰੁਪਦ ਸ਼ੈਲੀ ਦਾ ਗਾਇਨ ਚਾਰ ਤਾਲ ਵਿੱਚ ਹੁੰਦਾ ਹੈ। ਧ੍ਰੁਪਦ ਅੰਗ ਤੋਂ ਹੀ ਧਮਾਰ ਤਾਲ ਵਿੱਚ ਗਾਈ ਜਾਣ ਵਾਲੀ ਸ਼ੈਲੀ ਨੂੰ 'ਧਮਾਰ' ਕਿਹਾ ਜਾਂਦਾ ਹੈ। 'ਧਮਾ ਇੱਕ ਆਗਰੀ ਤਾਲ ਹੈ, ਜਿਸਦੇ ਨਾਮ ਤੇ ਇਸ ਸ਼ੈਲੀ ਦ ਨਾਮਕਰਣ ਹੋਇਆ ਹੈ।